
# KHALSA PRIMARY SCHOOL
Headteacher: Ms P. K. Sehmi

Volume 6 Issue 7


## Week beginning: 20 October 2014





### Bandi Chhor Diwas

As Bandi Chhor & Diwali are on **Thursday 23rd October**, this week the children will be learning about both celebrations. There will be an assembly to remind children of the stories behind the celebrations. We will be celebrating Bandi Chhor & Diwali on **Friday 24th October** at school. Children should come to school in normal school uniform. Children will also be having a special lunch on the day. Please see the menu near the Harrisons box. All children will have the opportunity to light a candle in the courtyard from 3pm onwards. We welcome all parents and carers to join us in the celebrations. We hope you have a lovely Bandi Chhor & Diwali with your family and friends. Keep safe!




### Nagar Kirtan



This year, Guru Nanak Dev Ji's Prakash Utsav Nagar Kirtan in Southall will be held on **Sunday 26th October.** We will be taking part and hope that you will all join us to represent the school. Children will need to wear school uniform. **Please meet staff at Guru Nanak Darbar Gurdwara car park at 11.30am. We want really good attendance. The children will receive a certificate & the class with most children attending will receive a prize.**

### Clock time Change



Please note that clocks will **go back** one hour on **Sunday 26th October.** Remember to change all your clocks.

### Half Term

Please note that the school will be closed from **27th October - 31st October.** School will re-open for children on **Monday 3rd November.** We hope you have a relaxing break.

### Children In Need

This year we are 'Going Pyjamas' for Children In Need. We will be holding a "pyjama day" where we encourage children, staff and parents to wear their pyjamas on **Friday 7th November**, so that we can raise funds for this good cause. We would appreciate a minuium donation of £1.00 from children. All other donations are welcome. Children will have a fun day at school with lots of exciting activities. Blush (Pudsey's friend) will also be visiting the school and raising money for Children in Need from staff & parents & carers. Every penny counts ... So please bring some money to donate towards a good cause.

### 5 Years Anniversary & Guru Nanak Dev Ji's Prakash Ustav Celebrations

We would like to invite you all to celebrate Khalsa Primary School's 5th anniversary and the Prakash Ustav of Guru Nanak Dev Ji. The programme for the event is as follows:

**10th – 14th November 2014**

Monday - Thursday - 6.00pm - 7.00pm daily - Kirtan, followed by Guru Ka Langar

Friday - 8.45am – 12pm - Kirtan & children's performances - followed by Guru Ka Langar


**Venue**: Khalsa Primary, Norwood Green, Southall, Middlesex, UB2 4LA

If you would like to contribute towards the event, i.e. Seva - helping during the week, preparing & serving Langar, etc, or contribute some flowers for decorations, or donate money towards the event please inform staff in the office. We would be grateful to parents and carers for any help that they can offer.

### Thought of the week

**"God gave us the gift of life, it is up to us to give ourselves the gift of living well"** ***- Guru Nanak Dev Ji***

### Dates for your diary




| Date | Event |
|---|---|
| **Thursday 23rd October** | **'Drop in session' with School Nurse** |
| **Thursday 23rd October** | **Yr 2 trip - Southbank** |
| **Thursday 23rd October** | **Bandi Chhor Diwas / Diwali** |
| **Friday 24th October** | **Bandi Chhor Diwas / Diwali celebrations - children to light candles @ 3pm** |
| **Friday 24th October 2014** | **Yr 3 – Guru Amar Das Ji – Mrs Lagah's Class Assembly** |
| **Sunday 26th October** | **Nagar Kirtan** |
| **Monday 27th October - Friday 31st October** | **Half Term** |
| Thursday 6th November | Guru Nanak Dev Ji's Prakash Utsav |
| Friday 7th November | Children in Need Fundraising |
| Monday 10th - Friday 14th November | Khalsa Primary 5th Anniversary & Guru Nanak Dev Ji week celebrations |

### ATTENDANCE



Well done to **Guru Angad Dev Ji's Class** for achieving best attendance for week ending **17/10/2014**.

### GOLDEN RULES

This week's Golden Rule is **'Remembering God'.**

Children who were awarded for **Caring & Sharing** for week ending **17/10/2014:**

**Year 5:**
Guru Har Krishan Sahib Ji - Tanvin
Guru Har Rai Sahib Ji - Gunveen

**Year 4:**
Guru Hargobind Sahib Ji - Inderjot
Guru Arjan Dev Ji - Simarpreet

**Year 3:**
Guru Ram Das Ji - Jasraj
Guru Amar Das Ji – Srina

**Year 2:**
Guru Nanak Dev Ji - Katrina
Guru Angad Dev Ji - Jiya

**Year 1:**
Sahibzada Ajit Singh Ji - Veer
Sahibzada Jujhar Singh Ji - Divneet

**Reception:**
Sahibzada Fateh Singh Ji - Krieshiv
Sahibzada Zorawar Singh Ji - Rohanpreet









Khalsa Primary School - Norwood Green Road, Southall, Middlesex, UB2 4LA.
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

ਵਾਲਿਉਮ ੬,
ਇਸ਼ੂ ੭

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੨੦ ਅਕਤੂਬਰ ੨੦੧੪





### ਬੰਦੀ ਛੋੜ ਦਿਵਸ




ਇਸ ਸਾਲ ਦੀਵਾਲੀ ਅਤੇ ਬੰਦੀ ਛੋੜ ਦਿਵਸ **ਵੀਰਵਾਰ ੨੩ ਅਕਤੂਬਰ** ਨੂੰ ਹਨ। ਇਸ ਹਫ਼ਤੇ ਬੱਚੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੇ ਤਿਉਹਾਰਾਂ ਬਾਰੇ ਸਿਖਣਗੇ। ਇਸ ਹਫ਼ਤੇ **ਸ਼ੁਕਰਵਾਰ ੨੪ ਅਕਤੂਬਰ** ਨੂੰ ਬਚਿੱਆਂ ਨੂੰ ਸਵੇਰ ਦੀ ਸਭਾ ਵਿਚ ਇਨ੍ਹਾਂ ਦੋਹਾਂ ਤਿਉਹਾਰਾਂ ਦੇ ਮਨਾਉਣ ਸੰਬੰਧੀ ਸਾਖੀਆਂ ਯਾਦ ਕਰਵਾ ਕੇ ਅਸੀਂ ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਵਾਂਗੇ। ਬੱਚੇ ਸਾਧਾਰਨ ਸਕੂਲੀ ਵਰਦੀ ਵਿਚ ਸਕੂਲ ਆਉਣਗੇ। ਬੱਚੇ ਇਸ ਦਿਨ ਖ਼ਾਸ ਭੋਜਨ ਵੀ ਕਰਨਗੇ। ਹੈਰੀਸਨ ਦੇ ਬਕਸੇ ਦੇ ਲਾਗੇ ਮੀਨੂੰ ਵੇਖਣਾ ਜੀ। ਦੁਪਿਹਰ ੩ ਵਜੇ ਤੋਂ ਸਾਰੇ ਬਚਿੱਆਂ ਨੂੰ ਮਾਪਿਆਂ ਦੇ ਨਾਲ ਸਕੂਲ ਦੇ ਵਿਹੜੇ ਵਿਚ ਇਕ ਮੋਮਬਤੀ ਜਗਾਉਣ ਦਾ ਮੌਕਾ ਮਿਲ ਸਕੇਗਾ। ਅਸੀਂ ਸਾਰੇ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਇਸ ਮੌਕੇ ਉੱਤੇ ਨਿੱਘਾ ਸੱਦਾ ਦਿੰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਆਪ ਜੀ ਆਪਣੇ ਪਰਿਵਾਰ ਅਤੇ ਮਿਤਰਾਂ ਨਾਲ ਦੀਵਾਲੀ ਅਤੇ ਬੰਦੀ ਛੋੜ ਦਿਵਸ ਦਾ ਪੂਰਾ ਅਨੰਦ ਮਨਾਓਗੇ। ਸੁਰਖਿਅਤ ਜ਼ਰੂਰ ਰਹਿਣਾ!

### ਨਗਰ ਕੀਰਤਨ



ਇਸ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਸਾਊਥਾਲ ਵਿਚ ਨਗਰ ਕੀਰਤਨ **ਐਤਵਾਰ ੨੬ ਅਕਤੂਬਰ** ਨੂੰ ਹੋ ਰਿਹਾ ਹੈ। ਅਸੀਂ ਇਸ ਵਿਚ ਭਾਗ ਲੈ ਰਹੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਆਪ ਜੀ ਵੀ ਸਾਡੇ ਨਾਲ ਸਕੂਲ ਦੀ ਪ੍ਰਤੀਨਿਧਤਾ ਕਰਨ ਲਈ ਇਸ ਵਿਚ ਸ਼ਾਮਿਲ ਹੋਵੋਗੇ। ਬੱਚਿਆਂ ਨੇ ਸਕੂਲੀ ਵਰਦੀ ਵਿਚ ਆਓਣਾ ਹੋਵੇਗਾ। **ਕਿਰਪਾ ਕਰਕੇ ਸਵੇਰੇ ੧੧.੩੦ ਵਜੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਦੇ ਕਾਰ ਪਾਰਕ ਵਿਚ ਸਟਾਫ਼ ਨੂੰ ਮਿਲਣਾ ਜੀ। ਅਸੀਂ ਭਰਵੀਂ ਹਾਜ਼ਰੀ ਦੀ ਉਮੀਦ ਕਰਦੇ ਹਾਂ। ਹਾਜ਼ਰ ਬੱਚੇ ਸਰਟੀਫਿਕੇਟ ਹਾਸਿਲ ਕਰਨਗੇ ਅਤੇ ਸਭ ਤੋਂ ਵੱਧ ਹਾਜ਼ਰੀ ਵਾਲੀ ਜਮਾਤ ਨੂੰ** ਇਨਾਮ ਦਿੱਤਾ ਜਾਵੇਗਾ।

### ਘੜੀਆਂ ਦੇ ਸਮੇਂ ਵਿਚ ਤਬਦੀਲੀ



ਕਿਰਪਾ ਕਰਕੇ ਨੋਟ ਕਰਨਾ ਕਿ **ਐਤਵਾਰ ੨੬ ਅਕਤੂਬਰ** ਤੋਂ ਘੜੀਆਂ **ਇਕ ਘੰਟਾ** ਪਿਛੇ ਆ ਜਾਣਗੀਆਂ। ਆਪਣੀਆਂ ਘੜੀਆਂ ਦਾ ਸਮਾਂ ਜ਼ਰੂਰ ਬਦਲ ਲੈਣਾ ਜੀ।

### ਹਾਫ਼ ਟਰਮ

ਕਿਰਪਾ ਕਰਕੇ ਨੋਟ ਕਰਨਾ ਕਿ ਸਕੂਲ **੨੭ ਤੋਂ ੩੦ ਅਕਤੂਬਰ** ਤੱਕ ਹਾਫ਼ ਟਰਮ ਲਈ ਬੰਦ ਰਹੇਗਾ। ਬਚਿੱਆਂ ਲਈ ਸਕੂਲ **ਸੋਮਵਾਰ ੩ ਨਵੰਬਰ** ਨੂੰ ਮੁੜ ਕੇ ਖੁਲ੍ਹੇਗਾ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਡੀਆਂ ਇਹ ਛੁੱਟੀਆਂ ਆਰਾਮਦਾਇਕ ਰਹਿਣਗੀਆਂ।

### ਲੋੜ ਵਿਚ ਬੱਚੇ

ਇਸ ਸਾਲ ਅਸੀਂ ਲੋੜ ਵਿਚ ਬਚਿੱਆਂ ਲਈ ਪਜਾਮੇ ਪਹਿਨਾਂਗੇ। ਅਸੀਂ ਬਚਿੱਆਂ, ਸਟਾਫ਼, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਉਤਸਾਹਿਤ ਕਰਾਂਗੇ ਕਿ ਉਹ **ਸ਼ੁਕਰਵਾਰ ੭ ਨਵੰਬਰ** ਨੂੰ ਪਜਾਮੇ ਪਹਿਨ ਕੇ ਪਜਾਮਾ ਦਿਨ ਮਨਾਉਣ ਤਾਂ ਜੋ ਅਸੀਂ ਇਸ ਨੇਕ ਕਾਰਜ ਲਈ ਫੰਡ ਇਕੱਠਾ ਕਰ ਸਕੀਏ। ਅਸੀਂ ਬਚਿੱਆਂ ਵਲੋਂ ਘੱਟੋ ਘੱਟ ੧ ਪਾਉਂਡ ਦੀ ਭੇਟਾ ਦੀ ਆਸ ਰਖਾਂਗੇ। ਹੋਰ ਜਿੰਨੀ ਵੀ ਵੱਧ ਤੋਂ ਵੱਧ ਹੋ ਸਕੇ ਉਸ ਦਾ ਸਨਮਾਨ ਕਰਾਂਗੇ। ਬਚਿੱਆਂ ਲਈ ਇਹ ਦਿਨ ਖੁਸ਼ੀ ਭਰਪੂਰ ਕਿਰਿਆਵਾਂ ਨਾਲ ਭਰਿਆ ਹੋਵੇਗਾ। ਬਲੱਸ਼ ( ਪਡਸੀ ਦਾ ਮਿਤੱਰ) ਨੇ ਵੀ ਇਸ ਦਿਨ ਸਕੂਲ ਆਉਣਾ ਹੈ, ਜੋ ਕਿ ਸਟਾਫ਼, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਤੋਂ ਲੋੜ ਵਿਚ ਬਚਿੱਆਂ ਲਈ ਧਨ ਇਕਤਰ ਕਰੇਗਾ। ਹਰ ਪੈਨੀ ਮਹਤਵਪੂਰਨ ਹੋਵੇਗੀ...... ਸੋ ਕਿਰਪਾ ਕਰਕੇ ਇਸ ਨੇਕ ਕਾਰਜ ਵਿਚ ਆਪਣਾ ਯੋਗਦਾਨ ਪਾਉਣ ਲਈ ਕੁਝ ਧਨ ਨਾਲ ਜ਼ਰੂਰ ਲਿਆਉਣਾ ਜੀ।

### ਪੰਜ ਸਾਲਾ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ

ਪੰਜ ਸਾਲਾ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ ਮਨਾਉਣ ਲਈ ਅਸੀਂ ਆਪ ਸਭ ਨੂੰ ਸੱਦਾ ਦਿੰਦੇ ਹਾਂ। ਇਸ ਸਮਾਗਮ ਦੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ:

**੧੦-੧੪ ਨਵੰਬਰ ੨੦੧੪ ਤੱਕ**

ਸੋਮਵਾਰ-ਵੀਰਵਾਰ ਸ਼ਾਮ ੬ ਵਜੇ ਤੋਂ ਸ਼ਾਮ ੭ ਵਜੇ ਤੱਕ ਕੀਰਤਨ ਅਤੇ ਗੁਰੂ ਕਾ ਲੰਗਰ

ਸ਼ੁਕਰਵਾਰ -ਸਵੇਰੇ ੮.੪੫ ਤੋਂ ਦੁਪਿਹਰ ੧੨ ਵਜੇ ਤੱਕ-ਕੀਰਤਨ ਅਤੇ ਬਚਿੱਆਂ ਵਲੋਂ ਸਮਾਗਮ- ਗੁਰੂ ਕਾ ਲੰਗਰ

**ਸਥਾਨ**-ਖ਼ਾਲਸਾ ਪ੍ਰਾਇਮਰੀ ਸਕੂਲ, ਨਾਰਵੁੱਡ ਗਰੀਨ ਰੋਡ, ਸਾਊਥਾਲ, ਮਿਡਲਸੈਕਸ, ਯੂ. ਬੀ. ੨ ੪ ਐਲ. ਓ.

ਜੇਕਰ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਲੰਗਰ ਦੀ ਤਿਆਰੀ ਅਤੇ ਵਰਤਾਉਣ ਆਦਿ ਦੀ ਸੇਵਾ ਵਿਚ ਆਪਣਾ ਹਿੱਸਾ ਪਾਉਣਾ ਚਾਹੁੰਦੇ ਹੋ ਜਾਂ ਸਜਾਵਟ ਲਈ ਫੁਲਾਂ ਦੀ ਸੇਵਾ ਕਰਨਾ ਚਾਹੁੰਦੇ ਹੋ, ਜਾਂ ਫਿਰ ਮਾਇਆ ਰਾਹੀਂ ਆਪਣਾ ਹਿੱਸਾ ਪਾਉਣਾ ਹੈ ਤਾਂ ਕਿਰਪਾ ਕਰਕੇ ਸਕੂਲ ਦਫ਼ਤਰ ਨੂੰ ਸੂਚਿਤ ਕਰਨਾ ਜੀ। ਜਿਹੜੇ ਵੀ ਮਾਪੇ ਇਸ ਸਮਾਗਮ ਵਿਚ ਜਿਹੜੀ ਵੀ ਸੇਵਾ ਵਿਚ ਹਿੱਸਾ ਪਾਉਣਾ ਚਾਹੁਣਗੇ, ਅਸੀਂ ਉਨ੍ਹਾਂ ਦੇ ਰਿਣੀ ਰਹਾਂਗੇ।

### ਇਸ ਹਫ਼ਤੇ ਦਾ ਵਿਚਾਰ

**"ਪਰਮਾਤਮਾ ਨੇ ਸਾਨੂੰ ਮਨੁੱਖੀ ਜੀਵਨ ਦਾ ਤੁਹਫ਼ਾ ਦਿੱਤਾ ਹੈ, ਸਾਡੇ ਉੱਤੇ ਨਿਰਭਰ ਹੈ ਕਿ ਅਸੀਂ ਚੰਗਾ ਜੀਅ ਕੇ ਇਸ ਤੁਹਫ਼ੇ ਦੀ ਕਿੰਨੀ ਕਦਰ ਕਰਦੇ ਹਾਂ।"** ਗੁਰੂ ਨਾਨਕ ਦੇਵ ਜੀ

### ਹਾਜ਼ਰੀ



੧੭.੧੦.੧੩ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅੰਗਦ ਦੇਵ ਜੀ ਜਮਾਤ** ਨੂੰ ਸ਼ਾਬਾਸ਼ ਹੈ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਮਹਤਵ |
|---|---|
| **ਵੀਰਵਾਰ ੨੩ ਅਕਤੂਬਰ** | **ਸਕੂਲ ਨਰਸ ਦੀ ਸਕੂਲ ਫੇਰੀ** |
| **ਵੀਰਵਾਰ ੨੩ ਅਕਤੂਬਰ** | **ਦੂਜੀ ਜਮਾਤ ਦੀ ਸਾਊਥ ਬੈਂਕ ਦੀ ਫੇਰੀ** |
| **ਵੀਰਵਾਰ ੨੩ ਅਕਤੂਬਰ** | **ਬੰਦੀ ਛੋੜ ਦਿਵਸ/ਦੀਵਾਲੀ** |
| **ਸ਼ੁਕਰਵਾਰ ੨੪ ਅਕਤੂਬਰ ੨੦੧੪** | **ਬੰਦੀ ਛੋੜ ਦਿਵਸ ਦੇ ਸਮਾਗਮ** |
| **ਸ਼ੁਕਰਵਾਰ ੨੪ ਅਕਤੂਬਰ ੨੦੧੪** | **ਬੰਦੀ ਛੋੜ ਦਿਵਸ/ਦੀਵਾਲੀ ਦੇ ਸਮਾਗਮ - ਬਚਿੱਆਂ ਵਲੋਂ ਦੁਪਿਹਰ ੩ ਵਜੇ ਮੋਮਬੱਤੀਆਂ ਬਾਲਣਾ** |
| **ਸ਼ੁਕਰਵਾਰ ੨੪ ਅਕਤੂਬਰ ੨੦੧੪** | **ਗੁਰੂ ਅਮਰਦਾਸ ਜੀ -ਮਿਸਿਜ਼ ਲਗਾਹ ਦੀ ਤੀਜੀ ਜਮਾਤ ਦੀ ਜਮਾਤੀ ਸਭਾ** |
| **ਐਤਵਾਰ ੨੬ ਅਕਤੂਬਰ** | **ਨਗਰ ਕੀਰਤਨ** |
| **ਸੋਮਵਾਰ ੨੭ ਅਕਤੂਬਰ ਤੋਂ ਸ਼ੁਕਰਵਾਰ ੩੧ ਅਕਤੂਬਰ ਤੱਕ** | **ਹਾਫ਼ ਟਰਮ** |
| ਵੀਰਵਾਰ ੬ ਨਵੰਬਰ | ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ |
| ਸ਼ੁਕਰਵਾਰ ੭ ਨਵੰਬਰ | ਲੋੜ ਵਿਚ ਬਚਿੱਆਂ ਲਈ ਫੰਡ ਰੇਜ਼ਿੰਗ |
| ਸੋਮਵਾਰ ੧੦ ਤੋਂ ਸ਼ੁਕਰਵਾਰ ੧੪ ਨਵੰਬਰ ਤੱਕ | ਖ਼ਾਲਸਾ ਪ੍ਰਾਇਮਰੀ ਸਕੂਲ ਦੇ ਪੰਜ ਸਾਲਾ ਸਮਾਗਮ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ |

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਨਾਮ ਜਪਣਾ** ਹੈ। ਬੱਚੇ ਜਿਨ੍ਹਾਂ ਨੂੰ ੧੭/੧੦/੨੦੧੪ ਨੂੰ ਸਮਾਪਤ ਹੋਏ ਹਫ਼ਤੇ **ਵੰਡ ਛਕਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:







**ਪੰਜਵੀ ਜਮਾਤ:**

ਗੁਰੂ ਹਰ ਕ੍ਰਿਸ਼ਨ ਸਾਹਿਬ ਜੀ - ਤਨਵੀਨ
ਗੁਰੂ ਹਰ ਰਾਏ ਸਾਹਿਬ ਜੀ - ਗੁਨਵੀਨ

**ਚੋਥੀ ਜਮਾਤ:**

ਗੁਰੂ ਹਰਗੋਬਿੰਦ ਸਾਹਿਬ ਜੀ - ਇੰਦਰਜੋਤ
ਗੁਰੂ ਅਰਜਨ ਦੇਵ ਜੀ - ਸਿਮਰਨਜੀਤ

**ਤੀਜੀ ਜਮਾਤ:**

ਗੁਰੂ ਰਾਮਦਾਸ ਜੀ - ਜਸਰਾਜ
ਗੁਰੂ ਅਮਰਦਾਸ ਜੀ - ਸੀਰਨਾ

**ਦੂਜੀ ਜਮਾਤ:**

ਗੁਰੂ ਨਾਨਕ ਦੇਵ ਜੀ - ਕੈਟਰੀਨਾ
ਗੁਰੂ ਅੰਗਦ ਦੇਵ ਜੀ - ਜੀਆ

**ਪਹਿਲੀ ਜਮਾਤ:**

ਸ਼ਾਹਿਬਜ਼ਾਦਾ ਅਜੀਤ ਸਿੰਘ ਜੀ - ਵੀਰ
ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ - ਦਿਵਨੀਤ

**ਰਿਸੈਪਸ਼ਨ**

ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ - ਕ੍ਰਿਸ਼ਿਵ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ - ਰੋਹਨਪ੍ਰੀਤ

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk